# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 20 ਸਤੰਬਰ 2026 ਦਿਨ ਐਤਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਪੰਜਾਬ ਯੂਨਾਈਟਿਡ ਕਲਚਰਲ ਕਲੱਬ ਐਡਮਿੰਟਨ ਵੱਲੋਂ ਸਫ਼ਾਈ ਮੁਹਿੰਮ ਦਾ ਆਗਾਜ਼

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ



ਐਡਮਿੰਟਨ 20 ਸਤੰਬਰ : ਪੰਜਾਬ ਯੂਨਾਈਟਿਡ ਕਲਚਰਲ ਕਲੱਬ ਐਡਮਿੰਟਨ ਵੱਲੋਂ ਸਫ਼ਾਈ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਵਿੱਚ ਕਲੱਬ ਦੇ ਮੈਂਬਰਾਂ ਦੇ ਨਾਲ-ਨਾਲ ਸੀਨੀਅਰ ਸਿਟੀਜ਼ਨਾਂ ਅਤੇ ਸਹਿਯੋਗੀ ਵਲੰਟੀਅਰਾਂ ਨੇ ਵੀ ਉਤਸ਼ਾਹ ਨਾਲ ਹਿੱਸਾ ਲਿਆ।

ਐਡਮਿੰਟਨ ਪਬਲਿਕ ਲਾਇਬ੍ਰੇਰੀ ਦੇ ਆਲੇ-ਦੁਆਲੇ ਵਲੰਟੀਅਰਾਂ ਨੇ ਖਿੱਲਰਿਆ ਹੋਇਆ ਕੂੜਾ ਅਤੇ ਹੋਰ ਬੇਕਾਰ ਵਸਤੂਆਂ ਇਕੱਠੀਆਂ ਕਰਕੇ ਲਿਫ਼ਾਫ਼ਿਆਂ ਵਿੱਚ ਪਾਈਆਂ ਅਤੇ ਕੂੜੇਦਾਨਾਂ ਵਿੱਚ ਸੁੱਟੀਆਂ। ਵਾਤਾਵਰਨ ਦੀ ਰੱਖਿਆ, ਸਫ਼ਾਈ ਪ੍ਰਤੀ ਜਾਗਰੂਕਤਾ ਅਤੇ ਭਾਈਚਾਰਕ ਸਾਂਝ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇਹ ਵਿਸ਼ੇਸ਼ ਮੁਹਿੰਮ ਆਰੰਭੀ ਗਈ।

ਕਲੱਬ ਦੇ ਅਹੁਦੇਦਾਰਾਂ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਮੁੱਖ ਉਦੇਸ਼ ਲੋਕਾਂ ਨੂੰ ਆਪਣੇ ਆਲੇ-ਦੁਆਲੇ ਦੀ ਸਫ਼ਾਈ ਬਣਾਈ ਰੱਖਣ ਅਤੇ ਵਾਤਾਵਰਨ ਦੀ ਸੰਭਾਲ ਵਿੱਚ ਸਰਗਰਮ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨਾ ਹੈ। ਸਿਹਤਮੰਦ, ਹਰਿਆ-ਭਰਿਆ ਅਤੇ ਟਿਕਾਊ ਸਮਾਜ ਸਿਰਜਣ ਵਿੱਚ ਸਫ਼ਾਈ ਦਾ ਬਹੁਤ ਮਹੱਤਵਪੂਰਨ ਯੋਗਦਾਨ ਹੁੰਦਾ ਹੈ।



ਵਲੰਟੀਅਰਾਂ ਨੇ ਕਿਹਾ ਕਿ ਕੈਨੇਡਾ ਆਪਣੀ ਸਾਫ਼-ਸੁਥਰੀ ਹਵਾ, ਪਾਣੀ ਅਤੇ ਸੁੰਦਰ ਲੈਂਡਸਕੇਪਿੰਗ ਕਰਕੇ ਦੁਨੀਆ ਭਰ ਵਿੱਚ ਜਾਣਿਆ ਜਾਂਦਾ ਹੈ। ਇੱਥੇ ਵੱਸਦੇ ਭਾਰਤੀਆਂ ਅਤੇ ਪੰਜਾਬੀਆਂ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਕੈਨੇਡਾ ਨੂੰ ਆਪਣਾ ਦੂਜਾ ਘਰ ਸਮਝਦਿਆਂ ਇਸ ਦੇ ਵਾਤਾਵਰਨ ਨੂੰ ਸਾਫ਼-ਸੁਥਰਾ ਅਤੇ ਉੱਤਮ ਬਣਾਈ ਰੱਖਣ ਵਿੱਚ ਯੋਗਦਾਨ ਪਾਉਣ। ਉਨ੍ਹਾਂ ਭਵਿੱਖ ਵਿੱਚ ਵੀ ਇਸ ਮੁਹਿੰਮ ਨੂੰ ਨਿਰੰਤਰ ਜਾਰੀ ਰੱਖਣ ਦਾ ਭਰੋਸਾ ਦਿੱਤਾ।

ਉਨ੍ਹਾਂ ਕਿਹਾ ਕਿ ਰੈਕ ਸੈਂਟਰ ਵਿੱਚ ਤਾਸ਼ ਖੇਡਣਾ ਕੇਵਲ ਮਨੋਰੰਜਨ ਦਾ ਇੱਕ ਜ਼ਰੀਆ ਹੈ। ਮਨੋਰੰਜਨ ਦੇ ਨਾਲ-ਨਾਲ ਜੇਕਰ ਸਮਾਜ-ਸੇਵਾ ਅਤੇ ਸਫ਼ਾਈ ਵੱਲ ਵੀ ਧਿਆਨ ਦਿੱਤਾ ਜਾਵੇ ਤਾਂ ਇਹ ਸਮੇਂ ਅਤੇ ਸਮਰੱਥਾ ਦੀ ਸੁਚੱਜੀ ਵਰਤੋਂ ਹੋਵੇਗੀ। ਅਜਿਹੇ ਕਾਰਜਾਂ ਨਾਲ ਭਾਈਚਾਰੇ ਦੀ ਚੰਗੀ ਪਛਾਣ ਬਣਦੀ ਹੈ ਅਤੇ ਸਾਂਝੀਵਾਲਤਾ ਦਾ ਸੰਦੇਸ਼ ਫੈਲਦਾ ਹੈ।

ਇਸ ਸਫ਼ਾਈ ਮੁਹਿੰਮ ਵਿੱਚ ਗੁਰਿੰਦਰ ਸਿੰਘ ਸਿੱਧੂ, ਜੰਗ ਪਹਿਲਵਾਨ, ਚਰਨਜੀਤ ਦਿਓਲ, ਸੁਰਜੀਤ ਸਿੰਘ ਸਿੱਧੂ, ਭਜਨ ਗਿੱਲ, ਕੁਲਵਿੰਦਰ ਸਿੰਘ ਸਿੱਧੂ, ਦੰਗਲ ਸਿੰਘ, ਸੁਰਜੀਤ ਸਿੰਘ, ਸੁਖਦੇਵ ਕੁਲਾਰ, ਪ੍ਰਦੁਮਣ ਸਿੰਘ ਅੰਤਰਰਾਸ਼ਟਰੀ ਖਿਡਾਰੀ, ਪ੍ਰਗਟ ਸਿੰਘ, ਰਾਜੂ ਤੂਰ, ਭੁਪਿੰਦਰ ਸਿੰਘ, ਅਵਤਾਰ ਸਿੰਘ, ਰਾਜੂ ਸਰਪੰਚ, ਕੁਲਦੀਪ ਸਿੰਘ, ਸਰਬਜੀਤ ਗਰੇਵਾਲ, ਬਲਦੇਵ ਸਿੰਘ ਗਿੱਲ, ਪ੍ਰੇਮ ਸਿੰਘ ਬਾਵਾ, ਨਿਰਮਲ ਸਿੰਘ ਸਮੇਤ ਕਲੱਬ ਦੇ ਅਹੁਦੇਦਾਰਾਂ ਅਤੇ ਹੋਰ ਸਹਿਯੋਗੀ ਵਲੰਟੀਅਰਾਂ ਨੇ ਭਾਗ ਲਿਆ।

## 'ਹਮਾਰੇ ਰਾਮ' ਨਾਟਕ ਨੇ ਪਟਿਆਲਾ ਵਿਖੇ ਦਰਸ਼ਕ ਕੀਤੇ ਮੰਤਰਮੁਗਧ

### ਰਾਵਣ ਦੇ ਕਿਰਦਾਰ 'ਚ ਆਸ਼ੂਤੋਸ਼ ਰਾਣਾ ਤੇ ਰਾਮ ਦੇ ਕਿਰਦਾਰ 'ਚ ਰਾਹੁਲ ਭੁੱਚਰ ਦੀ ਸ਼ਾਨਦਾਰ ਅਦਾਕਾਰੀ ਨੇ ਖੂਬ ਵਾਹ-ਵਾਹ ਖੱਟੀ

### ਦੋ ਰੋਜ਼ਾ ਵਿਲੱਖਣ ਨਾਟਕੀ ਪੇਸ਼ਕਾਰੀ ਨੂੰ ਮਿਲਿਆ ਭਰਵਾਂ ਹੁੰਗਾਰਾ; ਵੱਡੀ ਗਿਣਤੀ ਵਿੱਚ ਦਰਸ਼ਕਾਂ ਵੱਲੋਂ ਸ਼ਮੂਲੀਅਤ

### ਰਾਮਾਇਣ ਦੇ ਅਣਛੋਹੇ ਪੱਖਾਂ ਨਾਲ ਜੋੜਨ ਲਈ ਦਰਸ਼ਕਾਂ ਵੱਲੋਂ ਪੰਜਾਬ ਸਰਕਾਰ ਦੇ ਉਪਰਾਲੇ ਦੀ ਸ਼ਲਾਘਾ

ਵਰਲਡ ਪੰਜਾਬੀ ਟਾਈਮਜ਼

ਪਟਿਆਲਾ, 20 ਸਤੰਬਰ : ਪੰਜਾਬ ਸਰਕਾਰ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦੀ ਸਰਪ੍ਰਸਤੀ ਹੇਠ ਕਰਵਾਈ ਜਾ ਰਹੀ ਸ਼ਾਨਦਾਰ ਨਾਟਕੀ ਅਤੇ ਸੰਗੀਤਕ ਪੇਸ਼ਕਾਰੀ 'ਹਮਾਰੇ ਰਾਮ' ਨੇ ਪਟਿਆਲਾ ਵਿਖੇ ਆਪਣੇ ਦੋ ਰੋਜ਼ਾ ਪ੍ਰਦਰਸ਼ਨ ਦੌਰਾਨ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ। ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਵਿਖੇ ਸਨਾਤਨ ਸੇਵਾ ਸਮਿਤੀ ਦੇ ਸਹਿਯੋਗ ਨਾਲ ਹੋਈ ਇਸ ਪੇਸ਼ਕਾਰੀ ਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਅਤੇ ਦੋਵੇਂ ਦਿਨ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ।





ਰਾਮਾਇਣ ਦੇ ਅਣਛੋਹੇ ਪਹਿਲੂਆਂ ਅਤੇ ਘੱਟ ਜਾਣੇ-ਪਛਾਣੇ ਪੱਖਾਂ ਨੂੰ ਨਾਟਕੀ ਅਤੇ ਸੰਗੀਤਕ ਰੂਪ ਵਿੱਚ ਪੇਸ਼ ਕਰਦੀ ਇਸ ਵਿਸ਼ੇਸ਼ ਪੇਸ਼ਕਾਰੀ ਨੇ ਆਪਣੀ ਸ਼ਾਨਦਾਰ ਕਥਾ, ਪ੍ਰਭਾਵਸ਼ਾਲੀ ਸੰਵਾਦ, ਅਦਾਕਾਰੀ ਅਤੇ ਸੰਗੀਤ ਰਾਹੀਂ ਦਰਸ਼ਕਾਂ ਨੂੰ ਆਪਣੇ ਨਾਲ ਜੋੜੀ ਰੱਖਿਆ। ਇਸ ਦੌਰਾਨ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ, ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਮੇਅਰ ਕੁੰਦਨ ਗੋਗੀਆ, ਸਨਾਤਨ ਸੇਵਾ ਸਮਿਤੀ ਦੇ ਜ਼ਿਲ੍ਹਾ ਪ੍ਰਧਾਨ ਸੁਮੀਤ ਸ਼ਰਮਾ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਏਡੀਸੀ ਦਮਨਜੀਤ ਸਿੰਘ ਮਾਨ, ਅਨੁਪ੍ਰਿਤਾ ਜੌਹਲ, ਨਵਰੀਤ ਕੌਰ ਸੇਖੋਂ, ਲਾਅ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ ਜੈ ਸ਼ੰਕਰ ਸਿੰਘ, ਐਸ ਪੀ ਮੋਹਿਤ ਅਗਰਵਾਲ, ਐਸ ਡੀ ਐਮ ਗੁਰਦੇਵ ਸਿੰਘ, ਰਿਚਾ ਗੋਇਲ ਤੇ ਹਰਜੋਤ ਕੌਰ ਮਾਵੀ ਵੱਡੀ ਗਿਣਤੀ ਕੌਂਸਲਰ ਤੇ ਪਟਿਆਲਵੀ ਹਾਜ਼ਰ ਸਨ।

ਇਸ ਮਹਾਂ ਨਾਟਕ ਦੌਰਾਨ ਰਾਵਣ ਦੇ ਕਿਰਦਾਰ ਵਿੱਚ ਪ੍ਰਸਿੱਧ ਅਦਾਕਾਰ ਆਸ਼ੂਤੋਸ਼ ਰਾਣਾ ਦੀ ਦਮਦਾਰ ਸੰਵਾਦ ਅਦਾਇਗੀ ਅਤੇ ਪ੍ਰਭਾਵਸ਼ਾਲੀ ਮੰਚ ਮੌਜੂਦਗੀ ਨੇ ਦਰਸ਼ਕਾਂ ਤੋਂ ਖੂਬ ਤਾੜੀਆਂ ਹਾਸਲ ਕੀਤੀਆਂ। ਇਸੇ ਤਰ੍ਹਾਂ ਰਾਹੁਲ ਭੁੱਚਰ ਵੱਲੋਂ ਭਗਵਾਨ ਸ਼੍ਰੀ ਰਾਮ ਦੇ ਕਿਰਦਾਰ ਦੀ ਕੀਤੀ ਗਈ ਪ੍ਰਭਾਵਸ਼ਾਲੀ ਅਤੇ ਸੰਵੇਦਨਸ਼ੀਲ ਪੇਸ਼ਕਾਰੀ ਦੀ ਵੀ ਦਰਸ਼ਕਾਂ ਨੇ ਭਰਪੂਰ ਸ਼ਲਾਘਾ ਕੀਤੀ।

ਪੇਸ਼ਕਾਰੀ ਨੂੰ ਹੋਰ ਵੀ ਸ਼ਾਨਦਾਰ ਬਣਾਉਂਦਿਆਂ ਪ੍ਰਸਿੱਧ ਗਾਇਕਾਂ ਸ਼ੰਕਰ ਮਹਾਦੇਵਨ, ਸੋਨੂੰ ਨਿਗਮ ਅਤੇ ਕੈਲਾਸ਼ ਖੇਰ ਦੀਆਂ ਪਿੱਠਵਰਤੀ ਰੂਹਾਨੀ ਅਤੇ ਸੁਰੀਲੀਆਂ ਸੰਗੀਤਕ ਪੇਸ਼ਕਾਰੀਆਂ ਨੇ ਮਾਹੌਲ ਨੂੰ ਹੋਰ ਪ੍ਰਭਾਵਸ਼ਾਲੀ ਬਣਾ ਦਿੱਤਾ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਸਮਾਪਨ ਮੌਕੇ ਸਨਾਤਨ ਸੇਵਾ ਸਮਿਤੀ ਦੇ ਸਹਿਯੋਗ ਸਮੇਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਟਿਆਲਾ ਨੂੰ 'ਹਮਾਰੇ ਰਾਮ' ਨਾਟਕ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਣਾ ਮਾਣ ਵਾਲੀ ਗੱਲ ਹੈ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਸ਼ੋਅ ਦੌਰਾਨ 'ਹਮਾਰੇ ਰਾਮ' ਵਰਗੀਆਂ ਪੇਸ਼ਕਾਰੀਆਂ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਸਦੀਆਂ ਪੁਰਾਣੀਆਂ ਪਰੰਪਰਾਵਾਂ ਨੂੰ ਨਵੇਂ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਖ਼ਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਭਾਰਤ ਦੀ ਅਮੀਰ ਸੱਭਿਆਚਾਰਕ ਅਤੇ ਸਾਹਿਤਕ ਵਿਰਾਸਤ ਨਾਲ ਜੋੜਨ ਲਈ ਅਜਿਹੇ ਉਪਰਾਲੇ ਬੇਹੱਦ ਮਹੱਤਵਪੂਰਨ ਹਨ।

ਦੋਵੇਂ ਦਿਨ ਵੱਡੀ ਗਿਣਤੀ ਪੁੱਜੇ ਦਰਸ਼ਕਾਂ ਨੇ ਵੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਰਾਮਾਇਣ ਦੇ ਅਣਛੋਹੇ ਪੱਖਾਂ ਨੂੰ ਆਧੁਨਿਕ ਨਾਟਕੀ ਅੰਦਾਜ਼ ਵਿੱਚ ਪੇਸ਼ ਕਰਨ ਨਾਲ ਲੋਕਾਂ, ਖ਼ਾਸ ਕਰਕੇ ਨੌਜਵਾਨਾਂ, ਨੂੰ ਭਾਰਤੀ ਸੱਭਿਆਚਾਰਕ ਵਿਰਾਸਤ ਅਤੇ ਇਸ ਨਾਲ ਜੁੜੀਆਂ ਸਦੀਵੀ ਕਦਰਾਂ-ਕੀਮਤਾਂ ਨਾਲ ਜੋੜਨ ਵਿੱਚ ਮਦਦ ਮਿਲੇਗੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਵਿਭਾਗ ਵੱਲੋਂ ਸਨਾਤਨ ਸੇਵਾ ਸਮਿਤੀ ਦੇ ਸਹਿਯੋਗ ਸਦਕਾ ਸੂਬੇ ਵਿੱਚ ਇਸ ਸੱਭਿਆਚਾਰਕ ਪਹਿਲਕਦਮੀ ਤਹਿਤ 'ਹਮਾਰੇ ਰਾਮ' ਦੇ ਸੂਬੇ ਵਿੱਚ ਕੁੱਲ 41 ਪ੍ਰਦਰਸ਼ਨ (ਸ਼ੋਅ) ਕਰਵਾਏ ਜਾ ਰਹੇ ਹਨ। ਇਸ ਦਾ ਉਦੇਸ਼ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਲੋਕਾਂ ਤੱਕ ਇਸ ਸ਼ਾਨਦਾਰ ਨਾਟਕੀ ਅਤੇ ਸੰਗੀਤਕ ਪੇਸ਼ਕਾਰੀ ਨੂੰ ਪਹੁੰਚਾਉਣਾ ਅਤੇ ਉਨ੍ਹਾਂ ਨੂੰ ਰਾਮਾਇਣ ਦੇ ਅਣਕਹੇ ਅਧਿਆਇਆਂ ਨਾਲ ਜਾਣੂ ਕਰਵਾਉਣਾ ਹੈ।

## ਖੇਤੀ ਵਿੱਚ ਵਿਗਿਆਨਕ ਢੰਗ ਅਪਨਾਉਣ ਦੇ ਸੁਨੇਹੇ ਨਾਲ ਪੀ.ਏ.ਯੂ ਦਾ ਕਿਸਾਨ ਮੇਲਾ ਸੰਪੰਨ ਹੋਇਆ।

### ਕਿਸਾਨ ਮੇਲੇ ਦੇ ਦੂਜੇ ਦਿਨ ਵੀ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਆਪਣੀ ਹਾਜ਼ਰੀ ਲਵਾਈ।

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 20 ਸਤੰਬਰ : ਪੀ.ਏ.ਯੂ. ਵਿਖੇ ਜਾਰੀ ਦੋ ਰੋਜ਼ਾ ਕਿਸਾਨ ਮੇਲਾ ਅੱਜ ਸਫਲਤਾ ਪੂਰਵਕ ਸੰਪੰਨ ਹੋ ਗਿਆ। ਕਿਸਾਨ ਮੇਲੇ ਦੇ ਦੂਜੇ ਦਿਨ ਵੀ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਆਪਣੀ ਹਾਜ਼ਰੀ ਲਵਾਈ। ਕਿਸਾਨ ਮੇਲੇ ਦੇ ਦੂਜੇ ਦਿਨ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਮੇਲੇ ਦੂਜੇ ਦਿਨ ਦੀ ਪ੍ਰਧਾਨਗੀ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ. ਸੁਖਜੀਤ ਪਾਲ ਸਿੰਘ, ਆਈ. ਏ. ਐਸ ਨੇ ਕੀਤੀ। ਇਸ ਤੋਂ ਇਲਾਵਾ ਸਮਾਰੋਹ ਵਿੱਚ ਪੀ.ਏ.ਯੂ. ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਡਾ. ਅਸ਼ੋਕ ਕੁਮਾਰ, ਡਾ. ਦਵਿੰਦਰ ਸਿੰਘ ਚੀਮਾ ਅਤੇ ਇੰਜ: ਅਮਰਜੀਤ ਸਿੰਘ ਢਿੱਲੋਂ ਸਮੇਤ ਯੂਨੀਵਰਸਿਟੀ ਦੇ ਉੱਚ ਅਧਿਕਾਰੀ, ਡੀਨ ਡਾਇਰੈਕਟਰ, ਵੱਖ-ਵੱਖ ਵਿਭਾਗਾਂ ਦੇ ਮੁਖੀ, ਅਧਿਆਪਕ, ਵਿਦਿਆਰਥੀ ਅਤੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਆਏ ਕਿਸਾਨ ਮੌਜੂਦ ਰਹੇ।





ਮੁੱਖ ਮਹਿਮਾਨ ਸ. ਹਰਚੰਦ ਸਿੰਘ ਬਰਸਟ, ਚੇਅਰਮੈਨ ਪੰਜਾਬ ਮੰਡੀ ਬੋਰਡ ਨੇ ਆਪਣੇ ਵਿਸ਼ੇਸ਼ ਭਾਸ਼ਣ ਵਿੱਚ ਕਿਹਾ ਦੇਸ਼ ਦੇ ਅੰਨ ਭੰਡਾਰ ਨੂੰ ਭਰਨ ਵਿੱਚ ਪੀ.ਏ.ਯੂ ਦਾ ਮਿਸਾਲੀ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਵਿਗਿਆਨੀਆਂ ਦੀ ਸਾਂਝ ਸਦਕਾ ਹੀ ਪੀ.ਏ.ਯੂ ਨੇ ਦੇਸ਼ ਦੀਆਂ ਯੂਨੀਵਰਸਿਟੀਆਂ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਕਿਸਾਨਾ ਦੀ ਆਮਦਨ ਵਧਾਉਣ ਲਈ ਯੂਨੀਵਰਸਿਟੀ ਲਗਾਤਾਰ ਖੋਜ ਕਾਰਜਾਂ ਵਿੱਚ ਜੁਟੀ ਹੋਈ ਹੈ। ਉਨ੍ਹਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਸਨੇਹਾ ਦਿੱਤਾ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੀ ਅਗਵਾਈ ਵਿੱਚ ਨਵੀਆਂ ਖੇਤੀ ਤਕਨੀਕਾਂ ਨੂੰ ਅਪਣਾ ਕੇ ਕੁਦਰਤੀ ਸਰੋਤਾਂ ਦੀ ਸੰਭਾਲ ਲਈ ਹੰਭਲਾ ਮਾਰਨ। ਉਨ੍ਹਾਂ ਕਿਹਾ ਕਿ ਪੰਜਾਬ ਮੰਡੀ ਬੋਰਡ ਵੱਲੋਂ ਜੋ ਯੂਨੀਵਰਸਿਟੀ ਲਾਇਬਰੇਰੀ ਅਤੇ ਸੜਕਾਂ ਦੇ ਨਵੀਨੀਕਰਨ ਲਈ ਹਰ ਸੰਭਵ ਆਰਥਿਕ ਮਦਦ ਭਵਿੱਖ ਵਿੱਚ ਵੀ ਜਾਰੀ ਰਹੇਗੀ।

ਪੀ.ਏ.ਯੂ ਦੇ ਵਾਈਸ ਚਾਂਸਲਰ ਸ. ਸੁਖਜੀਤ ਪਾਲ ਸਿੰਘ, ਆਈ. ਏ. ਐਸ ਨੇ ਕਿਹਾ ਕਿ ਕਿਸਾਨ ਮੇਲਾ ਕਿਸਾਨਾਂ ਅਤੇ ਵਿਗਿਆਨੀਆਂ ਦੀ ਸਾਂਝ ਦਾ ਮੰਚ ਹੈ। ਉਨਾਂ ਕਿਸਾਨਾਂ ਨੂੰ ਮੇਲੇ ਤੋਂ ਨਵੇਂ ਵਿਚਾਰ ਲੈ ਕੇ ਜਾਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਮੇਲੇ ਦਾ ਉਦੇਸ਼ 'ਵਿਗਿਆਨਕ ਢੰਗ ਅਪਣਾਓ, ਖੇਤੀ ਆਮਦਨ ਵਧਾਓ' ਸਿਰਫ ਇੱਕ ਨਾਹਰਾ ਨਹੀਂ, ਇੱਕ ਦਿਸ਼ਾ ਹੈ। ਵਾਈਸ ਚਾਂਸਲਰ ਸ. ਸੁਖਜੀਤ ਪਾਲ ਸਿੰਘ, ਆਈ. ਏ. ਐਸ ਨੇ ਕਿਹਾ ਆਮਦਨ ਵਧਾਉਣ ਲਈ ਬੀਜਾਂ ਦੀਆਂ ਨਵੀਆਂ ਕਿਸਮਾਂ ਹੀ ਸਮੱਸਿਆ ਦਾ ਹੱਲ ਨਹੀਂ ਹੈ; ਨਵੀਂ ਕਿਸਮ, ਸਮਾਂ, ਤਕਨੀਕ, ਇਨਪੁੱਟ ਅਤੇ ਮੰਡੀਕਰਨ ਮਿਲ ਕੇ ਹੀ ਖੇਤੀ ਨੂੰ ਹੋਰ ਵਧੇਰੇ ਲਾਹੇਵੰਦ ਬਣਾ ਸਕਦੇ ਹਨ।

ਕੁਦਰਤੀ ਸਰੋਤਾਂ ਦੀ ਸੰਭਾਲ ਦਾ ਜਿਕਰ ਕਰਦਿਆਂ ਉਨ੍ਹਾਂ ਆਪਣੇ ਭਾਸ਼ਣ ਵਿੱਚ ਕਿਹਾ ਕਿ ਪਾਣੀ ਸਭ ਤੋਂ ਵੱਡੀ ਪੂੰਜੀ ਹੈ। ਪਾਣੀ ਦੀ ਸੰਭਾਲ ਨਾਲ ਹੀ ਖੇਤੀ ਜੁੜੀ ਹੋਈ ਹੈ। ਕਿਸਾਨਾਂ ਨੂੰ ਵੱਧ ਪਾਣੀ ਦੀ ਵਰਤੋਂ ਦੀ ਬਜਾਏ ਵੱਧ ਝਾੜ ਉਪਰ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਸਾਨਾਂ ਨੂੰ ਆਪਣੀ ਆਮਦਨ ਵਧਾਉਣ ਲਈ ਮੁੱਖ ਫਸਲਾਂ ਕਣਕ-ਝੋਨੇ ਦਾ ਨਾਲ-ਨਾਲ ਸਹਾਇਕ ਧੰਦੇ ਅਪਨਾਉਣ ਦੀ ਲੋੜ 'ਤੇ ਜੋਰ ਦਿੱਤਾ। ਉਨ੍ਹਾਂ ਸਵੈ ਮੰਡੀਕਰਨ ਨਾਲ ਜੁੜੇ ਕਿਸਾਨਾਂ ਅਤੇ ਸਵੈ ਸੇਵੀ ਸਮੂਹਾਂ ਦੀ ਮਿਸਾਲ ਦਿੰਦਿਆਂ ਕਿਸਾਨਾਂ ਨੂੰ ਬਿਨ੍ਹਾਂ ਸੰਕੋਚ ਜਾਂ ਸ਼ਰਮ ਤੋਂ ਆਪਣੀ ਜਿਣਸ ਦੀ ਵਿਕਰੀ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜਿਣਸ ਨੂੰ ਖੇਤ ਤੋਂ ਖੇਤੀ ਉਤਪਾਦ ਬਣਾ ਕੇ ਬਾਜ਼ਾਰ ਤੱਕ ਲੈ ਕੇ ਜਾਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਸਾਨ ਬੀਬੀਆਂ ਨੂੰ ਵੀ ਡੇਅਰੀ ਅਤੇ ਬੇਕਰੀ ਵਰਗੇ ਧੰਦਿਆਂ ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ।

ਪੀ.ਏ.ਯੂ. ਦੇ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਨੇ ਕਿਹਾ ਕਿ ਪੀ.ਏ.ਯੂ ਦੇ ਵਿਗਿਆਨੀ ਬੀਜਾਂ ਦੀ ਖੇਤਾਂ ਵਿੱਚ ਪਰਖ ਕਰਕੇ ਹੀ ਮੇਲਿਆਂ ਰਾਹੀਂ ਕਿਸਾਨਾਂ ਤੱਕ ਲੇ ਕੇ ਜਾਂਦੇ ਹਨ। ਡਾ. ਢੱਟ ਨੇ ਹਾੜ੍ਹੀ ਦੀਆਂ ਫ਼ਸਲਾਂ ਸੰਬੰਧੀ ਯੂਨੀਵਰਸਿਟੀ ਦੀਆਂ ਸਿਫਾਰਿਸ਼ਾਂ ਵਿਸਥਾਰ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਫਸਲਾਂ ਦੇ ਵਧੇ ਝਾੜ ਪੀ.ਏ.ਯੂ ਦੇ ਵਿਗਿਆਨੀਆਂ ਦੀ ਖੋਜ, ਕਿਸਾਨਾਂ ਦੀ ਮਿਹਨਤ ਅਤੇ ਸਰਕਾਰ ਦੀਆਂ ਚੰਗੀਆਂ ਨੀਤੀਆਂ ਦੇ ਸੁਮੇਲ ਨਾਲ ਹੀ ਸੰਭਵ ਹੋਇਆ ਹੈ। ਉਨ੍ਹਾਂ ਵੱਧ ਪੈਦਾਵਾਰ ਦੇ ਨਾਲ ਗੁਣਵੱਤਾ 'ਤੇ ਵੀ ਖਾਸ ਧਿਆਨ ਦੇਣ ਦੀ ਲੋੜ ਦਾ ਜਿਕਰ ਕੀਤਾ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵੱਲੋਂ ਹੁਣ ਤਕ 995 ਕਿਸਮਾਂ ਤਿਆਰ ਕਰਕੇ ਕਾਸ਼ਤ ਲਈ ਸਿਫਾਰਸ਼ ਕੀਤੀਆਂ ਜਾ ਚੁੱਕੀਆਂ ਹਨ, ਜਿਨ੍ਹਾਂ ਵਿੱਚੋਂ 250 ਤੋਂ ਵਧੇਰੇ ਕਿਸਮਾਂ ਨੂੰ ਰਾਸ਼ਟਰੀ ਪੱਧਰ 'ਤੇ ਪ੍ਰਵਾਨਗੀ ਮਿਲੀ ਹੈ। ਉਨ੍ਹਾਂ ਕਿਹਾ ਕਿ ਪੀ.ਏ.ਯੂ. ਵੱਲੋਂ ਪੈਦਾ ਕੀਤੀਆਂ ਕਿਸਮਾਂ ਕੇਵਲ ਪੰਜਾਬ ਦੇ ਕਿਸਾਨ ਹੀ ਭਾਰਤ ਦੇ ਦੂਜੇ ਸੂਬਿਆਂ ਦੇ ਕਿਸਾਨ ਵੀ ਵਰਤਦੇ ਹਨ।

ਡਾ. ਢੱਟ ਨੇ ਪੀ.ਏ.ਯੂ. ਵੱਲੋਂ ਪੈਦਾ ਕੀਤੀ ਕਣਕ ਦੀ ਕਿਸਮ ਪੀ.ਬੀ.ਡਬਲਯੂ 826 ਦਾ ਵਿਸ਼ੇਸ਼ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਕੁਲ 45 ਪ੍ਰਤੀਸ਼ਤ ਕਰਬੇ ਹੇਠ ਕਣਕ ਦੀ ਇਸ ਕਿਸਮ ਦੀ ਬਿਜਾਈ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਪੀ.ਏ.ਯੂ. ਵੱਲੋਂ ਇਸ ਸਾਲ ਕਣਕ ਦੀ ਬਿਜਾਈ ਲਈ ਸਿਫਾਰਸ਼ ਕੀਤੀ ਪੀ.ਬੀ.ਡਬਲਯੂ. 887 ਕਿਸਮ ਦਾ ਝਾੜ ਪੀ.ਬੀ.ਡਬਲਯੂ 826 ਨਾਲੋਂ ਵੀ ਵਧੇਰੇ ਹੈ। ਉਨ੍ਹਾਂ ਪਿਛਲੇ ਛੇ ਮਹੀਨਿਆਂ ਦੌਰਾਨ ਤਿਆਰ ਕੀਤੀਆਂ ਨਵੀਂਆਂ ਸਿਫਾਰਸ਼ੀ ਕਿਸਮਾਂ, ਉਤਪਾਦਨ ਤਕਨੀਕਾਂ, ਪੌਦ ਸੁਰੱਖਿਆ ਉਪਾਆਂ ਅਤੇ ਹੋਰ ਖੇਤੀ ਸਿਫਾਰਿਸ਼ਾਂ ਬਾਰੇ ਵੀ ਜਾਣਕਾਰੀ ਦਿੱਤੀ। ਇਨ੍ਹਾਂ ਵਿੱਚ ਕਣਕ ਦੀਆਂ ਪੀ.ਬੀ.ਡਬਲਯੂ. 887 ਅਤੇ ਪੀ.ਬੀ.ਡਬਲਯੂ. 927, ਮਸਰ ਦੀ ਐੱਲ.ਐੱਲ. 1613, ਸਰ੍ਹੋਂ ਦੀਆਂ ਪੰਜਾਬ ਰਾਇਆ ਕਨੋਲਾ-7 ਅਤੇ ਪੰਜਾਬ ਰਾਇਆ 813, ਹਾੜ੍ਹ ਬਰਸੀਮ ਦੀ ਬੀ.ਐੱਲ. 45, ਮਟਰ ਦੀ ਅਗੇਤਾ 8, ਆਲੂ, ਪਿਆਜ਼ ਅਤੇ ਲਸਣ ਦੀਆਂ ਨਵੀਆਂ ਕਿਸਮਾਂ, ਖਰਬੂਜ਼ੇ ਦੀ ਪੰਜਾਬ ਅੰਮ੍ਰਿਤ ਆਦਿ ਸ਼ਾਮਲ ਹਨ। ਉਨ੍ਹਾਂ ਨੇ ਇਹਨਾਂ ਕਿਸਮਾਂ ਦੇ ਗੁਣਾਂ ਬਾਰੇ ਜਾਣਕਾਰੀ ਦਿੰਦਿਆਂ ਕਿਸਾਨਾਂ ਨੂੰ ਇਨ੍ਹਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ। ਇਸਦੇ ਨਾਲ ਹੀ ਉਨ੍ਹਾਂ ਉਤਪਾਦਨ ਤਕਨੀਕਾਂ ਵਿੱਚ ਫੋਨ ਨਾਲ ਸਿੰਚਾਈ ਸੈਂਸਰ ਜੋੜਨ, ਮੂੰਗੀ ਵਿੱਚ ਨੀਲੇ ਚਿਪਕਵੇਂ ਕਾਰਡਾਂ ਦੀ ਵਰਤੋਂ, ਗੁੱਲੀ ਡੰਡੇ ਦੀ ਰੋਕਥਾਮ, ਸੂਖਮ ਸਿੰਚਾਈ, ਗੋਭੀ ਸਰ੍ਹੋਂ ਅਤੇ ਤੋਰੀਆ ਦੀ ਅੰਤਰਫ਼ਸਲੀ ਕਾਸ਼ਤ, ਅਤੇ ਪਸ਼ੂਆਂ ਲਈ ਫ਼ਸਲੀ ਅਚਾਰ ਬਣਾਉਣ ਵਾਸਤੇ ਲੈਕਟਿਕ ਐਸਿਡ ਬੈਕਟੀਰੀਆ ਜਾਗ ਦੀ ਤਕਨਾਲੋਜੀ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਪਾਣੀ ਦੀ ਬਚਤ ਲਈ ਕਿਸਾਨਾਂ ਨੂੰ ਯੂਨੀਵਰਸਿਟੀ ਦੀਆਂ ਸਿਫਾਰਿਸ਼ਾਂ ਅਪਣਾਉਣ ਦੀ ਅਪੀਲ ਕੀਤੀ ਅਤੇ ਪਰਾਲੀ ਦੀ ਸੰਭਾਲ ਹਰ ਹਾਲਤ ਵਿੱਚ ਖੇਤ ਵਿੱਚ ਹੀ ਕਰਨ 'ਤੇ ਜ਼ੋਰ ਦਿੱਤਾ।

ਪੀ.ਏ.ਯੂ. ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਪੀ.ਏ.ਯੂ. ਸਾਲ 1967 ਤੋਂ ਹਾੜੀ ਅਤੇ ਸਾਉਣੀ ਦੇ ਮੇਲੇ ਲਗਾਉਂਦੀ ਆ ਰਹੀ ਹੈ। ਇਨ੍ਹਾਂ ਮੇਲਿਆਂ ਵਿੱਚ ਕਿਸਾਨਾਂ ਦੀ ਵੱਧਦੀ ਗਿਣਤੀ ਕਿਸਾਨਾਂ ਦਾ ਪੀ.ਏ.ਯੂ ਦੀਆਂ ਖੇਤੀ ਖੋਜਾਂ ਪ੍ਰਤੀ ਵੱਧਦੇ ਵਿਸਵਾਸ਼ ਦਾ ਪ੍ਰਤੀਕ ਹੈ। ਉਨ੍ਹਾਂ ਅਪੀਲ ਕੀਤੀ ਕਿ ਕਿਸਾਨ ਆਪਣੀਆਂ ਖੇਤੀ ਸਮੱਸਿਆਵਾਂ ਖੇਤੀ ਮਾਹਰਾਂ ਨਾਲ ਸਾਂਝੀਆਂ ਕਰਨ ਤਾਂ ਜੋ ਯੂਨੀਵਰਸਿਟੀ ਉਨ੍ਹਾਂ ਸਮੱਸਿਆਵਾਂ ਉਪਰ ਯੂਨੀਵਰਸਿਟੀ ਖੋਜ ਕਰ ਸਕੇ। ਉਨ੍ਹਾਂ ਦੱਸਿਆ ਕਿ ਪੀ.ਏ.ਯੂ. ਦੇ ਵੱਖ-ਵੱਖ ਕ੍ਰਿਸ਼ੀ ਵਿਗਿਆਨ ਕੇਂਦਰਾਂ ਤੋਂ ਸਿਖਲਾਈ ਲੈ ਕਿ 100 ਤੋਂ ਵੱਧ ਕਿਸਾਨ ਵੀਰਾਂ ਅਤੇ ਕਿਸਾਨ ਬੀਬੀਆਂ ਨੇ ਸਟਾਲਾਂ ਲਗਾਈਆਂ ਹਨ।

ਇਸ ਮੌਕੇ ਪੀ.ਏ.ਯੂ. ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਡਾ.ਦਵਿੰਦਰ ਸਿੰਘ ਚੀਮਾ ਨੇ ਵੀ ਸੰਬੋਧਨ ਕੀਤਾ। ਉਨ੍ਹਾਂ ਫਸਲਾਂ ਦੇ ਝਾੜ ਦੇ ਨਾਲ-ਨਾਲ ਗੁਣਵੱਤਾ ਵਧਾਉਣ ਦੀ ਅਪੀਲ ਕੀਤੀ।

ਸਮਾਗਮ ਦਾ ਸੰਚਾਲਨ ਡਾ. ਤੇਜਿੰਦਰ ਸਿੰਘ ਰਿਆੜ ਅਪਰ ਨਿਰਦੇਸ਼ਕ ਸੰਚਾਰ ਪੀ.ਏ.ਯੂ ਨੇ ਕੀਤਾ। ਉਨ੍ਹਾਂ ਕਿਸਾਨਾਂ ਨੂੰ ਸਮੇਂ ਦਾ ਹਾਣੀ ਬਣਨ, ਖੇਤੀ ਸੰਬੰਧਿਤ ਵਿਗਿਆਨਕ ਅਤੇ ਪ੍ਰਮਾਣਿਕ ਜਾਣਕਾਰੀ ਲਈ ਪੀ.ਏ.ਯੂ. ਦੇ ਖੇਤੀ ਸਾਹਿਤ ਖਰੀਦਣ ਦੀ ਅਪੀਲ ਕੀਤੀ।


ਅੰਤ ਵਿੱਚ ਧੰਨਵਾਦ ਦੇ ਸ਼ਬਦ ਵਧੀਕ ਨਿਰਦੇਸ਼ਕ ਪਸਾਰ ਸਿੱਖਿਆ ਡਾ. ਤਰਸੇਮ ਸਿੰਘ ਢਿੱਲੋਂ ਨੇ ਕਹੇ ।

ਪੰਜਾਬ ਦੇ ਲੋਕ ਕਲਾਕਾਰਾਂ ਜਸਵਿੰਦਰ ਬਰਾੜ ਅਤੇ ਮੱਖਣ ਲੁਹਾਰ ਨੇ ਹਾਜ਼ਰ ਕਿਸਾਨਾਂ ਦਾ ਮਨੋਰੰਜਨ ਕੀਤਾ ।

ਕਿਸਾਨਾਂ ਨੇ ਯੂਨੀਵਰਸਿਟੀ ਦੇ ਕਈ ਕਿਸਮਾਂ ਦੇ ਬੀਜਾਂ, ਫਲਦਾਰ ਬੂਟਿਆਂ, ਸਬਜੀਆਂ-ਤੇਲਬੀਜਾਂ-ਚਾਰਿਆਂ ਦੀਆਂ ਕਿੱਟਾਂ ਤੋਂ ਇਲਾਵਾ ਵੱਡੀ ਮਾਤਰਾ ਵਿੱਚ ਖੇਤੀ ਸਾਹਿਤ ਦੀ ਖਰੀਦਦਾਰੀ ਕੀਤੀ।

# ਹਰਭਜਨ ਸਿੰਘ ਬਾਜਵਾ: ਚੱਕਰਵਰਤੀ ਸੱਭਿਆਚਾਰਕ ਸਫ਼ੀਰ

ਵਰਲਡ ਪੰਜਾਬੀ ਟਾਈਮਜ਼
ਸ ਪ ਸਿੰਘ (ਡਾ.)




ਹਰਭਜਨ ਸਿੰਘ ਬਾਜਵਾ ਦੀ ਸ਼ਖ਼ਸੀਅਤ ਦੇ ਕਈ ਪੱਖ ਅਜਿਹੇ ਨੇ, ਜੋ ਉਸ ਨੇ ਸਾਰੀ ਉਮਰ ਪ੍ਰਗਟ ਨਾ ਕੀਤੇ। ਆਮ ਨਜ਼ਰ ਵਿੱਚ ਉਹ ਸਿਰਫ਼ ਸ. ਸ਼ੋਭਾ ਸਿੰਘ ਦਾ ਸ਼ਾਗਿਰਦ, ਫੋਟੋਗ੍ਰਾਫਰ, ਪੱਤਰਕਾਰੀ ਲੇਖਕ, ਕਦੇ ਕਦਾਈਂ ਕਵੀ ਤੇ ਘੁਮੱਕੜ ਬੰਦਾ ਸੀ।
ਪਰ ਉਹ ਇਸ ਤੋਂ ਬਹੁਤ ਕੁਝ ਵੱਧ ਵੀ ਸੀ।

ਜਦੋਂ ਸ. ਬਰਜਿੰਦਰ ਸਿੰਘ ਹਮਦਰਦ ਨੇ "ਦ੍ਰਿਸ਼ਟੀ" ਸਾਹਿੱਤਕ ਸਚਿੱਤਰ ਮੈਗਜ਼ੀਨ ਦਾ ਸੰਪਾਦਨ ਸ਼ੁਰੂ ਕੀਤਾ ਤਾਂ ਹਰਭਜਨ ਸਿੰਘ ਬਾਜਵਾ ਸੱਭਿਆਚਾਰਕ ਤਸਵੀਰਾਂ ਸੌਂਪ ਜਾਂਦਾ ਜਿੰਨ੍ਹਾਂ ਬਾਰੇ ਵਿਸ਼ੇਸ਼ ਲੇਖ ਲਿਖਵਾਏ ਜਾਂਦੇ।
ਪੰਜਾਬੀ ਅਖ਼ਬਾਰਾਂ ਵਿੱਚ ਘਟਨਾਵਾਂ ਦੀਆਂ ਤਸਵੀਰਾਂ ਤਾਂ ਛਪਦੀਆਂ ਸਨ ਪਰ ਸਭਿਆਚਾਰਕ, ਸਮਾਜਿਕ ਤੇ ਇਤਿਹਾਸਕ ਤਸਵੀਰਾਂ ਛਾਪਣ ਦੀ ਪਹਿਲ ਬਾਜਵਾ ਨੇ ਹੀ ਕੀਤੀ।

ਹਰਭਜਨ ਸਿੰਘ ਬਾਜਵਾ ਨੇ ਪੰਜਾਬੀ ਲੇਖਕਾਂ ਨੂੰ ਨਾਇਕ ਵਜੋਂ ਪੇਸ਼ ਕੀਤਾ। ਕਿੰਨੇ ਮਹਾਨ ਲੇਖਕ ਉਸ ਦੇ ਕੈਮਰੇ ਨੇ ਸੰਭਾਲੇ। ਉਸ ਦੀ ਲਾਈ ਚਿਣਗ ਨਾਲ ਹੀ ਅੱਜ ਅਨੇਕਾਂ ਫੋਟੋ ਕਲਾਕਾਰ ਇਸ ਰਾਹ ਤੁਰੇ ਹਨ।

ਹਰਭਜਨ ਸਿੰਘ ਬਾਜਵਾ ਨੇ ਕੈਮਰੇ ਨਾਲ ਕਿਤਾਬਾਂ ਲਿਖੀਆਂ ਨੇ। ਪੰਜਾਬ, ਹਿਮਾਚਲ ਪ੍ਰਦੇਸ਼ ਤੇ ਕੁਝ ਹੋਰ ਸੂਬਿਆਂ ਦੇ ਕਬੀਲਾ ਸੱਭਿਆਚਾਰ ਦੀ ਫੋਟੋਗ੍ਰਾਫੀ ਕੀਤੀ। ਗੁੱਜਰ ਕਬੀਲੇ ਨੂੰ ਜਿਵੇਂ ਪੰਜਾਬੀ ਨਾਵਲਕਾਰ ਮੋਹਨ ਕਾਹਲੋਂ ਨੇ ਆਪਣੀ ਲਿਖਤ ਵਿੱਚ ਸੰਭਾਲਿਆ ਹੈ, ਬਾਜਵਾ ਨੇ ਕੈਮਰੇ ਨਾਲ ਸੰਭਾਲਿਆ ਹੈ।

ਬਾਜਵਾ ਦਾ ਸਟੂਡੀਉ ਬਟਾਲਾ ਦੀ ਕਦੇ ਰਾਜਧਾਨੀ ਹੁੰਦਾ ਸੀ। ਕੋਈ ਲੇਖਕ, ਗਾਇਕ, ਵੱਡਾ ਪੱਤਰਕਾਰ ਤੇ ਗੁਣੀ ਜਨ ਉਸ ਨੂੰ ਮਿਲੇ ਬਗੈਰ ਅੱਗੇ ਨਹੀਂ ਸੀ ਲੰਘਦਾ। ਉਹ ਆਪ ਵੀ ਸ਼ਹਿਰੋਂ ਸ਼ਹਿਰ, ਪਿੰਡੋ ਪਿੰਡ ਸਭਨਾਂ ਨੂੰ ਮਿਲਦਾ ਗਿਲਦਾ। ਉਸ ਦਾ ਜੋਗੀਆ ਵੇਸ ਤਾਂ ਹੈ ਹੀ ਸੀ, ਫੇਰਾ ਵੀ ਜੋਗਿਆਂ ਵਾਲਾ ਹੁੰਦਾ। ਉਸ ਕੋਲ ਹਰ ਆਦਮੀ ਲਈ ਕੋਈ ਨਾ ਕੋਈ ਸੁਨੇਹਾ ਹੁੰਦਾ ਸੀ। ਵਿਚਾਰ ਵਟਾਂਦਰੇ ਵਿੱਚ ਜ਼ਿੱਦੀ ਵੀ ਸੀ ਤੇ ਅੜੀਅਲ ਵੀ। ਅੱਥਰਾ ਰੱਜ ਕੇ। ਆਪਣੀਆਂ ਸ਼ਰਤਾਂ ਤੇ ਪੂਰੀ ਉਮਰ ਜੀਵਿਆ।

ਜਿੱਥੇ ਆਪਣੀ ਗੱਲ ਕਹਿਣੀ ਹੁੰਦੀ, ਇਸ਼ਾਰਿਆਂ ਨਾਲ ਕਹਿ ਜਾਂਦਾ, ਬਿਨ ਬੋਲਿਆਂ।

ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਬਣਿਆ ਤਾਂ ਅਕਸਰ ਮਿਲਣ ਆਉਂਦਾ। ਕਦੇ ਕੋਈ ਕੰਮ ਨਾ ਕਹਿੰਦਾ। ਕੁਝ ਪਲ ਬਹਿੰਦਾ ਤੇ ਤੁਰ ਜਾਂਦਾ।

ਇੱਕ ਦਿਨ ਆਇਆ ਤੇ ਪੰਜਾਬੀਆਂ ਵੱਲੋਂ ਆਪਣੇ ਕਲਾਕਾਰਾਂ ਦੀ ਬੇਕਦਰੀ ਬਾਰੇ ਅੱਧਾ ਘੰਟਾ ਬੋਲਦਾ ਰਿਹਾ। ਲੋਕ ਗਾਇਕ ਲਾਲ ਚੰਦ ਯਮਲਾ ਜੱਟ ਤੇ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੇ ਹਵਾਲੇ ਨਾਲ ਬਹੁਤ ਕੁਝ ਸਮਝਾ ਗਿਆ।

ਮੈਂ ਅਗਲੀ ਕਨਵੋਕੇਸ਼ਨ ਤੇ ਸੁਰਿੰਦਰ ਕੌਰ ਜੀ ਨੂੰ ਬੁਲਾ ਕੇ "ਡੀ ਲਿੱਟ" ਦੀ ਉਪਾਧੀ ਨਾਲ ਸਨਮਾਨਿਤ ਕੀਤਾ। ਉਸ ਇਸ਼ਾਰਾ ਕੀਤਾ ਤੇ ਮੈਂ ਸਮਝ ਲਿਆ। ਵਕਤ ਸਾਂਭਿਆ ਗਿਆ।

ਸੁਰਿੰਦਰ ਕੌਰ ਦੀ ਬੇਟੀ ਡੌਲੀ ਗੁਲੇਰੀਆ ਅਕਸਰ ਕਹਿੰਦੀ ਹੈ ਕਿ ਮੇਰੇ ਦਾਰ ਜੀ ਪ੍ਰੋ. ਜੋਗਿੰਦਰ ਸਿੰਘ ਸੋਢੀ ਨੇ ਪੀ ਐੱਚ ਡੀ ਸ਼ੁਰੂ ਕੀਤੀ ਪਰ ਅੱਧ ਵਿਚਕਾਰ ਰਹਿ ਗਈ। ਮੇਰੀ ਮਾਂ ਨੂੰ ਬੜੀ ਰੀਝ ਸੀ ਕਿ ਉਸ ਦੇ ਪਤੀ ਡਾਕਟਰੇਟ ਕਰਨ ਪਰ ਮੇਰੀ ਮਾਂ ਦਾ ਇਹ ਸੁਪਨਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਆਨਰੇਰੀ ਡਿਗਰੀ ਦੇ ਕੇ ਪੂਰਾ ਕੀਤਾ। ਕਨਵੋਕੇਸ਼ਨ ਤੋਂ ਪਰਤ ਕੇ ਸੁਰਿੰਦਰ ਕੌਰ ਜੀ ਨੇ ਵੀ ਬਹੁਤ ਵਾਰ ਇਹ ਗੱਲ ਮੈਨੂੰ ਵੀ ਦੱਸੀ।

ਇਹ ਗੱਲ ਸਿਰਫ਼ ਹਰਭਜਨ ਸਿੰਘ ਬਾਜਵਾ ਦੀ ਲੁਕਵੀਂ ਸਲਾਹਕਾਰਾਂ ਕਾਰਨ ਹੀ ਸੰਭਵ ਹੋ ਸਕੀ।

ਹਰਭਜਨ ਸਿੰਘ ਬਾਜਵਾ ਵਿਅਕਤੀ ਨਹੀਂ, ਵਰਤਾਰਾ ਸੀ। ਉਹ ਵਕਤ ਦੀ ਅੱਖ ਵਿੱਚ ਵੇਖਣਾ ਜਾਣਦਾ ਸੀ।

ਡਾ. ਸਾਧੂ ਸਿੰਘ ਹਮਦਰਦ ਜਦੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਸਨ, ਉਹ ਕਾਰਜਕਾਰਨੀ ਦਾ ਨਾਮਜ਼ਦ ਮੈਂਬਰ ਸੀ। ਉਸ ਦੀ ਹਿੰਮਤ ਅਤੇ ਸਾਬਤ ਕਦਮੀ ਨਾਲ ਜੰਮੂ ਕਸ਼ਮੀਰ ਦੇ ਸਹਿਯੋਗ ਨਾਲ ਸ਼੍ਰੀਨਗਰ ਵਿੱਚ ਪੰਜਾਬੀ ਕਾਨਫਰੰਸ ਹੋ ਸਕੀ ਜਿਸ ਵਿੱਚ ਖਾਲਿਦ ਹੁਸੈਨ ਤੇ ਹੋਰ ਲੇਖਕਾਂ ਦਾ ਭਰਵਾਂ ਸਹਿਯੋਗ ਸੀ। ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਸ਼ੇਖ ਅਬਦੁੱਲਾ ਤੇ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਇਸ ਕਾਨਫਰੰਸ ਵਿੱਚ ਸ਼ਾਮਲ ਹੋਏ।

ਸ਼ਿਵ ਕੁਮਾਰ ਬਟਾਲਵੀ ਦੀ ਯਾਦ ਵਿੱਚ ਬਟਾਲਾ ਵਿੱਚ ਮੁੱਢਲੇ ਸਮਾਗਮ ਕਰਵਾਉਣ ਵਿੱਚ ਵੀ ਉਸ ਦਾ ਯੋਗਦਾਨ ਭੁਲਾਉਣਾ ਆਸਾਨ ਨਹੀਂ।

ਉਸ ਦੇ ਵਿਛੋੜੇ ਉਪਰੰਤ ਮਹਿਸੂਸ ਹੋ ਰਿਹਾ ਹੈ ਕਿ ਇਹੋ ਜਹੇ ਬੇ ਗ਼ਰਜ਼ ਬੰਦੇ ਹੌਲੀ ਹੌਲੀ ਪੰਜਾਬ ਵਿੱਚੋਂ ਅਲੋਪ ਹੋ ਰਹੇ ਨੇ। ਮੌਲਿਕ ਸੋਚਣ ਤੇ ਸਹੀ ਸਮੇਂ ਇਸ਼ਾਰਿਆਂ ਨਾਲ ਗੰਭੀਰ ਨੁਕਤੇ ਸਮਝਾਉਣ ਵਾਲੇ।

ਬਾਜਵਾ ਦੇ ਜਾਣ ਤੇ ਮਨ ਉਦਾਸ ਹੈ। ਨਾਲ ਹੀ ਤਸੱਲੀ ਵੀ ਹੈ ਕਿ ਉਸ ਨਮਿਤ ਸਿਮਰਤੀ ਗ੍ਰੰਥ ਤਿਆਰ ਕਰਨ ਵਿੱਚ ਬੀਬਾ ਆਇਆਂ ਸਿੰਘ ਰਿਆੜਕੀ ਕਾਲਿਜ ਤੁਗਲਵਾਲਾ(ਗੁਰਦਾਸਪੁਰ) ਨੇ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਨੇ ਪਹਿਲਕਦਮੀ ਕਰਕੇ ਗਗਨਦੀਪ ਸਿੰਘ ਵਿਰਕ ਅਤੇ ਡਾ. ਨਰੇਸ਼ ਕੁਮਾਰ ਤੋਂ ਸ਼ਯਸਿਮਰਤੂ ਗਰੰਧ ਤਿਆਰ ਕਰਵਾਇਆ ਹੈ।

# ਬਾਬਾ ਫ਼ਰੀਦ ਆਗਮਨ ਪੁਰਬ ਮੌਕੇ ਪੰਜ ਰੋਜ਼ਾ ਬਾਬਾ ਫ਼ਰੀਦ ਸਾਹਿਤ ਮੇਲੇ ਦਾ ਆਗਾਜ਼

## ਵਿਧਾਇਕ ਗੁਰਦਿੱਤ ਸਿੰਘ ਸੇਖੋਂ ਅਤੇ ਡੀ.ਸੀ. ਨੇ ਕੀਤਾ ਮੇਲੇ ਦਾ ਉਦਘਾਟਨ

## ਲੋਕਾਂ ਨੂੰ ਵੱਧ ਤੋਂ ਵੱਧ ਸਾਹਿਤ ਪੜ੍ਹਨ ਦੀ ਕੀਤੀ ਅਪੀਲ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 20 ਸਤੰਬਰ : ਬਾਬਾ ਸ਼ੇਖ਼ ਫ਼ਰੀਦ ਆਗਮਨ ਪੁਰਬ ਮੌਕੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਆਲਮੀ ਪੰਜਾਬੀ ਅਦਬ ਫਾਊਂਡੇਸ਼ਨ (ਰਜਿ.), ਫ਼ਰੀਦਕੋਟ ਦੇ ਸਹਿਯੋਗ ਨਾਲ ਦੇਸ ਭਗਤ ਪੰਡਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ, ਫ਼ਰੀਦਕੋਟ ਵਿਖੇ ਪੰਜ ਰੋਜ਼ਾ ਬਾਬਾ ਫ਼ਰੀਦ ਸਾਹਿਤ ਮੇਲਾ ਕਰਵਾਇਆ ਜਾ ਰਿਹਾ ਹੈ। ਮੇਲੇ ਦਾ ਉਦਘਾਟਨ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਵੱਲੋਂ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਫ਼ਰੀਦਕੋਟ ਸ੍ਰੀ ਰਾਹੁਲ ਚਾਬਾ, ਵਧੀਕ ਡਿਪਟੀ ਕਮਿਸ਼ਨਰ ਸ੍ਰੀ ਕੇਸ਼ਵ, ਪ੍ਰਿੰਸੀਪਲ ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਸ੍ਰੀ ਰਾਜੇਸ਼ ਮੋਹਨ ਅਤੇ ਜ਼ਿਲ੍ਹਾ ਭਾਸ਼ਾ ਅਫ਼ਸਰ ਸ੍ਰੀ ਮਨਜੀਤ ਪੁਰੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਸ. ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਕਿਤਾਬਾਂ ਮਨੁੱਖ ਦੇ ਜੀਵਨ ਨੂੰ ਸਹੀ ਦਿਸ਼ਾ ਦੇਣ ਅਤੇ ਉਸ ਦੀ ਸੋਚ ਨੂੰ ਵਿਸ਼ਾਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਸਾਹਿਤ ਸਾਨੂੰ ਆਪਣੇ ਵਿਰਸੇ, ਸੱਭਿਆਚਾਰ ਅਤੇ ਸਮਾਜ ਨਾਲ ਜੋੜਦਾ ਹੈ। ਉਨ੍ਹਾਂ ਨੌਜਵਾਨਾਂ ਸਮੇਤ ਹਰ ਵਰਗ ਦੇ ਲੋਕਾਂ ਨੂੰ ਵੱਧ ਤੋਂ ਵੱਧ ਸਾਹਿਤ ਪੜ੍ਹਨ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਨਾਲ ਜੁੜਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਬਾਬਾ ਫ਼ਰੀਦ ਸਾਹਿਤ ਮੇਲਾ ਪੰਜਾਬੀ ਸਾਹਿਤ ਅਤੇ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਇੱਕ ਮਹੱਤਵਪੂਰਨ ਮੰਚ ਸਾਬਤ ਹੋ ਰਿਹਾ ਹੈ। ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ, ਆਈ.ਏ.ਐੱਸ. ਨੇ ਸਾਹਿਤ ਪੜ੍ਹਨ ਸਬੰਧੀ ਆਪਣੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਕਿਤਾਬਾਂ ਗਿਆਨ ਹਾਸਲ ਕਰਨ ਦੇ ਨਾਲ-ਨਾਲ ਮਨੁੱਖ ਦੀ ਸੋਚ ਅਤੇ ਸ਼ਖ਼ਸੀਅਤ ਦੇ ਵਿਕਾਸ ਵਿੱਚ ਵੀ ਅਹਿਮ ਯੋਗਦਾਨ ਪਾਉਂਦੀਆਂ ਹਨ। ਜ਼ਿਲ੍ਹਾ ਭਾਸ਼ਾ ਅਫ਼ਸਰ ਸ੍ਰੀ ਮਨਜੀਤ ਪੁਰੀ ਨੇ ਬਾਬਾ ਫ਼ਰੀਦ ਸਾਹਿਤ ਮੇਲੇ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮੇਲਾ ਮਾਲਵੇ ਦੇ ਪ੍ਰਮੁੱਖ ਪੁਸਤਕ ਮੇਲਿਆਂ ਵਿੱਚੋਂ ਇੱਕ ਹੈ, ਜਿਸ ਦੌਰਾਨ ਹਰ ਸਾਲ ਸੈਂਕੜੇ ਨਵੀਆਂ ਕਿਤਾਬਾਂ ਰਿਲੀਜ਼ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਵਾਰ ਮੇਲੇ ਵਿੱਚ ਕਰੀਬ 75 ਪ੍ਰਕਾਸ਼ਕਾਂ ਵੱਲੋਂ ਸ਼ਮੂਲੀਅਤ ਕੀਤੀ ਗਈ ਹੈ। ਪੁਸਤਕ ਮੇਲੇ ਦੇ ਨਾਲ-ਨਾਲ ਹਰ ਰੋਜ਼ ਸਵੇਰੇ ਅਤੇ ਸ਼ਾਮ ਵੱਖ-ਵੱਖ ਰੂਬਰੂ ਅਤੇ ਸੰਵਾਦ ਸਮਾਗਮ ਵੀ ਕਰਵਾਏ ਜਾਣਗੇ। ਇਸ ਮੌਕੇ ਸਟੇਜ ਸੰਚਾਲਨ ਦੀ ਭੂਮਿਕਾ ਸ੍ਰੀ ਜਸਬੀਰ ਜੱਸੀ ਵੱਲੋਂ ਨਿਭਾਈ ਗਈ। ਸਮਾਗਮ ਵਿੱਚ ਸ੍ਰੀ ਅਜੀਤਪਾਲ ਜਟਾਣਾ, ਜ਼ਿਲ੍ਹਾ ਭਾਸ਼ਾ ਅਫ਼ਸਰ ਮੋਗਾ, ਸ੍ਰੀ ਜਗਦੀਪ ਸੰਧੂ, ਜ਼ਿਲ੍ਹਾ ਭਾਸ਼ਾ ਅਫ਼ਸਰ ਫ਼ਿਰੋਜ਼ਪੁਰ, ਸ. ਕੰਵਰਜੀਤ ਸਿੰਘ ਸਿੱਧੂ, ਖੋਜ ਅਫ਼ਸਰ, ਸ੍ਰੀ ਗੁਰਮੀਤ ਕੜਿਆਲਵੀ, ਸਮਾਜਿਕ ਨਿਆਂ ਅਤੇ ਅਧਿਕਾਰਤਾ ਅਫ਼ਸਰ, ਫ਼ਰੀਦਕੋਟ ਤੋਂ ਇਲਾਵਾ ਅਵਤਾਰ ਸਿੰਘ ਔਲਖ, ਖਜ਼ਾਨਚੀ ਆਲਮੀ ਪੰਜਾਬੀ ਅਦਬ ਫਾਊਂਡੇਸ਼ਨ, ਪ੍ਰੋ. ਰਣਜੀਤ ਸਿੰਘ ਬਾਜਵਾ, ਪ੍ਰੋ. ਬੀਰਇੰਦਰ ਸਿੰਘ ਸਰਾਂ, ਪ੍ਰੋ. ਸੰਦੀਪ ਸਿੰਘ, ਹਰਪ੍ਰੀਤ ਸਿੰਘ ਭਿੰਡਰ, ਸਤਵਿੰਦਰ ਸਿੰਘ, ਕਾਰਜ ਸਿੰਘ, ਜਸਵਿੰਦਰਪਾਲ ਸਿੰਘ ਮਿੰਟੂ, ਗੁਰਜੀਤ ਸਿੰਘ ਟਹਿਣਾ, ਨਵਦੀਪ ਸਿੰਘ, ਜਸਵਿੰਦਰ ਸਿੰਘ, ਵਿਕਰਮ ਸ਼ਰਮਾ, ਰਵਿੰਦਰ ਕੌਰ ਅਤੇ ਹਰਿੰਦਰ ਕੌਰ ਸਮੇਤ ਸਾਹਿਤ ਪ੍ਰੇਮੀ ਹਾਜ਼ਰ ਸਨ। ਉਦਘਾਟਨੀ ਸਮਾਗਮ ਉਪਰੰਤ ਸਵੇਰ ਦੇ ਪਹਿਲੇ ਸੈਸ਼ਨ 'ਕਥਾ ਕਾਰਵਾਂ' ਵਿੱਚ ਪੰਜਾਬੀ ਕਹਾਣੀ ਦੇ ਉੱਘੇ ਹਸਤਾਖ਼ਰ ਬਲਵਿੰਦਰ ਗਰੇਵਾਲ ਅਤੇ ਜਤਿੰਦਰ ਹਾਂਸ ਨਾਲ ਸ੍ਰੀ ਗੁਰਮੀਤ ਕੜਿਆਲਵੀ ਵੱਲੋਂ ਸੰਵਾਦ ਰਚਾਇਆ ਗਿਆ। ਇਸ ਦੌਰਾਨ ਪੰਜਾਬੀ ਕਹਾਣੀ ਦੀਆਂ ਵੱਖ-ਵੱਖ ਪਰਤਾਂ ਅਤੇ ਇਸ ਦੇ ਬਦਲਦੇ ਸਰੋਕਾਰਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਸ਼ਾਮ ਦੇ ਸੈਸ਼ਨ 'ਯੁਵਾ ਸਾਹਿਤ ਦੇ ਸੰਗ' ਦੌਰਾਨ ਨੌਜਵਾਨ ਕਹਾਣੀਕਾਰ ਆਗ਼ਾਜ਼ਬੀਰ ਅਤੇ ਸਾਹਿਤ ਅਕਾਦਮੀ ਯੁਵਾ ਪੁਰਸਕਾਰ ਜੇਤੂ ਕਵੀ ਰਣਧੀਰ ਨਾਲ ਨੌਜਵਾਨ ਚਿੰਤਕ ਪ੍ਰੋ. ਗੁਰਦੀਪ ਸਿੰਘ ਢਿੱਲੋਂ ਵੱਲੋਂ ਸੰਵਾਦ ਰਚਾਇਆ ਗਿਆ। ਇਸ ਦੌਰਾਨ ਅਜੋਕੇ ਦੌਰ ਵਿੱਚ ਸਾਹਿਤ ਅੰਦਰ ਆ ਰਹੇ ਬਦਲਾਵਾਂ ਅਤੇ ਨੌਜਵਾਨ ਸਾਹਿਤਕਾਰਾਂ ਦੀ ਭੂਮਿਕਾ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।

# ਐਮ.ਬੀ.ਐਸ.ਪੰਜਾਬ ਸਪੋਰਟਸ ਯੂਨੀਵਰਸਿਟੀ, ਪਟਿਆਲਾ ਵਿਖੇ ਦੋ-ਰੋਜ਼ਾ ਇੰਟਰ-ਕਾਲਜ ਬਾਸਕਟਬਾਲ ਖੇਡ-ਮੁਕਾਬਲਾ ਸ਼ਾਨੋ-ਸ਼ੌਕਤ ਨਾਲ ਸਮਾਪਤ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 20 ਸਤੰਬਰ : ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ (MBSPSU), ਪਟਿਆਲਾ ਵੱਲੋਂ ਕਰਵਾਈ ਗਈ ਦੋ-ਰੋਜ਼ਾ ਇੰਟਰ-ਕਾਲਜ ਬਾਸਕਟਬਾਲ ਚੈਂਪੀਅਨਸ਼ਿਪ (ਮਰਦ ਅਤੇ ਔਰਤਾਂ) ਅੱਜ ਬੇਹਤਰੀਨ ਖੇਡ ਭਾਵਨਾ ਅਤੇ ਸ਼ਾਨਦਾਰ ਪ੍ਰਦਰਸ਼ਨ ਨਾਲ ਸੰਪੰਨ ਹੋ ਗਈ। 17 ਤੋਂ 18 ਸਤੰਬਰ 2026 ਤੱਕ ਕਰਵਾਈ ਗਈ ਇਸ ਚੈਂਪੀਅਨਸ਼ਿਪ ਵਿੱਚ ਯੂਨੀਵਰਸਿਟੀ ਦੇ ਵੱਖ-ਵੱਖ ਕਾਂਸਟੀਚਿਊਟ ਅਤੇ ਐਫ਼ੀਲੀਏਟਿਡ ਕਾਲਜਾਂ ਦੀਆਂ 12 ਟੀਮਾਂ ਨੇ ਉਤਸ਼ਾਹ ਪੂਰਵਕ ਭਾਗ ਲਿਆ।

ਪਿਛਲੇ ਸਾਲ ਇਹ ਮੁਕਾਬਲਾ ਨਾ ਹੋਣ ਕਰਕੇ ਖਿਡਾਰੀਆਂ ਦੇ ਅੰਦਰ ਜੋ ਜੋਸ਼ ਇਕੱਠਾ ਹੋਇਆ ਸੀ, ਉਸੇ ਉਤਸ਼ਾਹ ਨੂੰ ਵੇਖਦਿਆਂ ਯੂਨੀਵਰਸਿਟੀ ਨੇ ਇਸ ਵਾਰ ਮੈਚ 'ਲੀਗ-ਕਮ-ਨੌਕਆਊਟ' ਫਾਰਮੈਟ 'ਚ ਰੱਖੇ ਸਨ, ਮਕਸਦ ਸਿਰਫ਼ ਇੱਕੋ ਹੈ— ਹਰ ਟੀਮ ਨੂੰ ਮੈਦਾਨ 'ਚ ਨਿੱਤਰਨ ਦਾ ਪੂਰਾ ਮੌਕਾ ਮਿਲੇ ਤੇ ਉਹ ਆਪਣਾ ਹੁਨਰ ਦਿਖਾ ਸਕੇ!"ਔਰਤਾਂ ਦੇ ਵਰਗ ਵਿੱਚ ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਸਰੀਰਕ ਸਿੱਖਿਆ ਕਾਲਜ (PGSGCPE), ਪਟਿਆਲਾ ਨੇ ਪਹਿਲਾ ਸਥਾਨ ਹਾਸਲ ਕਰਕੇ ਓਵਰਆਲ ਚੈਂਪੀਅਨਸ਼ਿਪ ਜਿੱਤੀ। ਔਰਤਾਂ ਦੇ ਵਰਗ ਵਿੱਚ ਮੇਜ਼ਬਾਨ ਸੰਸਥਾ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ (MBSPSU) ਨੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰਦਿਆਂ ਦੂਜਾ (ਰਨਰ-ਅੱਪ) ਸਥਾਨ ਪ੍ਰਾਪਤ ਕੀਤਾ। ਖਾਲਸਾ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ (KCPE), ਅੰਮ੍ਰਿਤਸਰ ਨੇ ਤੀਜਾ ਸਥਾਨ ਹਾਸਲ ਕੀਤਾ, ਜਦਕਿ ਦਾ ਰਾਇਲ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ (RCPE), ਮਾਨਸਾ ਚੌਥੇ ਸਥਾਨ 'ਤੇ ਰਿਹਾ।




ਮਰਦਾਂ ਦੇ ਵਰਗ ਵਿੱਚ ਵੀ ਪੂਰੇ ਟੂਰਨਾਮੈਂਟ ਦੌਰਾਨ ਰੋਮਾਂਚਕ ਮੁਕਾਬਲੇ ਦੇਖਣ ਨੂੰ ਮਿਲੇ। ਮੁੱਖ ਨਤੀਜਿਆਂ ਵਿੱਚ ਮਾਤਾ ਗੁਰਦੇਵ ਕੌਰ ਮੈਮੋਰੀਅਲ ਸ਼ਾਹੀ ਸਪੋਰਟਸ ਕਾਲਜ ਆਫ਼ ਫਿਜੀਕਲ ਐਜੂਕੇਸ਼ਨ, ਸਮਰਾਲਾ ਨੇ ਪਹਿਲਾ ਸਥਾਨ ਹਾਸਲ ਕਰਕੇ ਚੈਂਪੀਅਨ ਦਾ ਖਿਤਾਬ ਜਿੱਤਿਆ, ਜਦੋਂ ਕਿ ਮ.ਭ.ਸ. ਪੰਜਾਬ ਸਪੋਰਟਸ ਯੂਨੀਵਰਸਿਟੀ ਦੀ ਟੀਮ ਦੂਜੇ ਸਥਾਨ 'ਤੇ ਰਹੀ। ਪ੍ਰੋ. ਗੁਰਸੇਵਕ ਸਿੰਘ ਸਰਕਾਰੀ ਸਰੀਰਕ ਸਿੱਖਿਆ ਕਾਲਜ ਪਟਿਆਲਾ (PGSGCPE) ਪਟਿਆਲਾ ਨੇ ਮਰਦਾਂ ਦੇ ਵਰਗ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ, ਜਿਸ ਤੋਂ ਬਾਅਦ ਸਰਕਾਰੀ ਆਰਟਸ ਅਤੇ ਸਪੋਰਟਸ ਕਾਲਜ (GASC), ਜਲੰਧਰ ਨੇ ਚੌਥਾ ਸਥਾਨ ਹਾਸਲ ਕੀਤਾ।

ਮਾਨਯੋਗ ਵਾਈਸ-ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਜੇਤੂ ਟੀਮਾਂ ਨੂੰ ਦਿਲੀ ਮੁਬਾਰਕਬਾਦ ਦਿੱਤੀ ਅਤੇ ਚੈਂਪੀਅਨਸ਼ਿਪ ਦੌਰਾਨ ਖੇਡ ਭਾਵਨਾ ਤੇ ਸਮਰਪਣ ਦਿਖਾਉਣ ਲਈ ਸਾਰੇ ਖਿਡਾਰੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਮੰਚ ਯੂਨੀਵਰਸਿਟੀ ਦੀ ਉੱਚ ਪੱਧਰੀ ਮੁਕਾਬਲਿਆਂ ਵਿੱਚ ਨੁਮਾਇੰਦਗੀ ਕਰਨ ਲਈ ਹੋਣਹਾਰ ਅਥਲੀਟਾਂ ਦੀ ਪਛਾਣ ਕਰਨ ਵਾਸਤੇ ਬਹੁਤ ਮਹੱਤਵਪੂਰਨ ਹਨ। ਖੇਡ ਡਾਇਰੈਕਟਰ ਡਾ. ਅਮਰਪ੍ਰੀਤ ਸਿੰਘ ਨੇ ਦੱਸਿਆ ਕਿ ਲੀਗ-ਕਮ-ਨੌਕਆਊਟ ਫਾਰਮੈਟ ਨੇ ਟੀਮਾਂ ਨੂੰ ਜ਼ਰੂਰੀ ਮੈਚ ਪ੍ਰੈਕਟਿਸ ਅਤੇ ਮੁਕਾਬਲੇਬਾਜ਼ੀ ਦਾ ਤਜਰਬਾ ਦੇਣ ਦੇ ਆਪਣੇ ਉਦੇਸ਼ ਨੂੰ ਸਫਲਤਾਪੂਰਵਕ ਪੂਰਾ ਕੀਤਾ। ਇਸ ਟੂਰਨਾਮੈਂਟ ਦੇ ਸੁਚੱਜੇ ਸੰਚਾਲਨ ਦੀ ਦੇਖ-ਰੇਖ ਸਪੋਰਟਸ ਅਫਸਰ ਡਾ. ਸੋਨੀਆ ਵੱਲੋਂ ਕੀਤੀ ਗਈ, ਜਿਸ ਵਿੱਚ ਯੋਗਾ ਇੰਸਟ੍ਰਕਟਰ ਸ਼੍ਰੀ ਜਗਦੇਵ ਸਿੰਘ, ਸ਼੍ਰੀ ਪਰਮਿੰਦਰ ਸਿੰਘ ਅਤੇ ਸ਼੍ਰੀ ਮਨਵੀਰ ਸਿੰਘ ਸਮੇਤ ਸਮੂਹ ਅਧਿਆਪਕਾਂ ਨੇ ਵਿਸ਼ੇਸ਼ ਯੋਗਦਾਨ ਪਾਇਆ। ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਇਸ ਸਫ਼ਲ ਆਯੋਜਨ ਨਾਲ ਖਿਡਾਰੀ, ਕੋਚ ਅਤੇ ਅਧਿਕਾਰੀ ਬਹੁਤ ਉਤਸ਼ਾਹਿਤ ਨਜ਼ਰ ਆਏ।

# ਸਾਹਿਤ ਦੀ ਦੌਲਤ ਮਨੁੱਖਤਾ ਨੂੰ ਕਮਾਉਂਦੀ ਹੈ!

ਵਰਲਡ ਪੰਜਾਬੀ ਟਾਈਮਜ਼
ਜ਼ਫ਼ਰ ਇਕਬਾਲ ਜ਼ਫ਼ਰ

ਮਨੁੱਖੀ ਕਦਰਾਂ-ਕੀਮਤਾਂ ਤੋਂ ਅਣਜਾਣ ਸਮਾਜ ਵਿੱਚ, ਮੈਂ ਦਰਦ ਨਾਲ ਆਪਣੇ ਹੱਥ ਖੜ੍ਹੇ ਕੀਤੇ ਹਨ ਅਤੇ ਕਈ ਵਾਰ ਪ੍ਰਾਰਥਨਾ ਕੀਤੀ ਹੈ ਕਿ ਹੇ ਬ੍ਰਹਿਮੰਡ ਦੇ ਸਿਰਜਣਹਾਰ, ਜਾਂ ਤਾਂ ਹਾਲਾਤ ਬਦਲੋ ਜਾਂ ਮੇਰੇ ਵਿਚਾਰ ਬਦਲੋ। ਇਸ ਦੁਨੀਆਂ ਅਤੇ ਮੇਰੇ ਮੂਡ ਵਿਚਲਾ ਵਿਰੋਧਾਭਾਸ ਮੈਨੂੰ ਸ਼ਾਂਤੀ ਨਾਲ ਰਹਿਣ ਦੀ ਵੀ ਇਜਾਜ਼ਤ ਨਹੀਂ ਦਿੰਦਾ। ਦੁਨੀਆਂ ਸਿਰਫ਼ ਉਨ੍ਹਾਂ ਲੋਕਾਂ ਲਈ ਢੁਕਦੀ ਹੈ ਜੋ ਮੇਰੇ ਵਰਗੇ ਹਨ ਅਤੇ ਮੈਂ ਮਨੁੱਖੀ ਸੋਚ ਦਾ ਆਦੀ ਹਾਂ। ਉਹ ਲੋਕ ਜੋ ਸਰੀਰਕ ਤੌਰ 'ਤੇ ਜ਼ਿੰਦਾ ਹਨ, ਪਰ ਜ਼ਮੀਰ ਦੇ ਮਾਮਲੇ ਵਿੱਚ ਮਰ ਚੁੱਕੇ ਹਨ, ਚੰਗੇ ਅਤੇ ਬੁਰੇ ਨਾਲ ਰਲ ਗਏ ਮਰੇ ਹੋਏ, ਅੱਧ-ਮੁਰਦੇ ਲੋਕਾਂ ਦੀ ਭੀੜ, ਜੋ ਦੌਲਤ ਅਤੇ ਦੌਲਤ ਦੀਆਂ ਮੂਰਤੀਆਂ ਦੇ ਪੁਜਾਰੀ ਹਨ, ਜੋ ਵਿਸ਼ਵਾਸ ਕਰਦੇ ਹਨ ਕਿ ਪੈਸਾ ਉਹੀ ਹੋਣਾ ਚਾਹੀਦਾ ਹੈ।

ਮੈਂ ਇਹ ਬਹੁਦੇਵਵਾਦ ਨਹੀਂ ਕਰ ਸਕਦਾ, ਮੈਂ ਪਾਪੀ ਹੋ ਸਕਦਾ ਹਾਂ ਪਰ ਪਖੰਡੀ ਨਹੀਂ, ਮੈਂ ਆਪਣੇ ਵਿਸ਼ਵਾਸ ਨੂੰ ਇੱਕ ਅਸਪਸ਼ਟ ਧਰਮ ਪੇਸ਼ ਕਰਨ ਵਾਲੇ ਧਾਰਮਿਕ ਸਮੂਹਾਂ ਦੇ ਘੱਟ ਪੜ੍ਹੇ-ਲਿਖੇ ਪ੍ਰਤੀਨਿਧੀਆਂ ਦੇ ਹੱਥਾਂ ਵਿੱਚ ਖਿਡੌਣਾ ਨਹੀਂ ਬਣਨ ਦਿੱਤਾ ਹੈ, ਅਤੇ ਨਾ ਹੀ ਮੈਂ ਜ਼ਮੀਰ ਦੀ ਮਸਜਿਦ ਦੇ ਇਮਾਮ ਨੂੰ ਇੱਕ ਸੰਪਰਦਾਇਕ ਅਤੇ ਪਾਰਟੀ-ਮੁਖੀ ਵਿਅਕਤੀ ਬਣਨ ਦਿੱਤਾ ਹੈ। ਇਮਾਨਦਾਰੀ ਨਾਲ ਕਹਾਂ ਤਾਂ ਸੱਚ ਇਹ ਹੈ ਕਿ ਮੈਂ ਕਦੇ ਵੀ ਉਨ੍ਹਾਂ ਲੋਕਾਂ ਨਾਲ ਏਕਤਾ ਨਹੀਂ ਪ੍ਰਗਟ ਕੀਤੀ ਜੋ ਪਰਮਾਤਮਾ ਪ੍ਰਤੀ ਇਮਾਨਦਾਰ ਹਨ ਅਤੇ ਉਸਦੇ ਸੇਵਕਾਂ ਪ੍ਰਤੀ ਪਖੰਡੀ ਹਨ। ਰੱਬ ਨੇ ਮੈਨੂੰ ਕਿਤਾਬਾਂ ਦੀ ਦੁਨੀਆਂ ਨਾਲ ਜੋੜਿਆ ਹੈ ਤਾਂ ਜੋ ਖਿੰਡੇ ਹੋਏ ਹਕੀਕਤਾਂ ਵਿੱਚ ਪ੍ਰਭੂ ਦੀ ਭਾਲ ਕਰਨ ਦੇ ਮਾਨਸਿਕ ਅਤੇ ਦਿਲ ਨੂੰ ਛੂਹ ਲੈਣ ਵਾਲੇ ਬੋਝ ਨੂੰ ਦੂਰ ਕੀਤਾ ਜਾ ਸਕੇ। ਮੈਨੂੰ ਸਾਹਿਤ ਭਾਵਨਾਵਾਂ ਦਾ ਸੱਦਾ ਮਿਲਿਆ ਅਤੇ ਕੁਝ ਕਿਤਾਬਾਂ ਪੜ੍ਹਨ ਤੋਂ ਬਾਅਦ, ਮੈਂ ਦ੍ਰਿੜਤਾ ਨਾਲ ਫੈਸਲਾ ਕੀਤਾ ਕਿ ਭਵਿੱਖ ਵਿੱਚ ਮੇਰਾ ਸਿਧਾਂਤ ਸਿਰਫ਼ ਜੀਣ ਲਈ ਲਿਖਣਾ ਅਤੇ ਲਿਖਣ ਲਈ ਜੀਣਾ ਹੋਵੇਗਾ।

ਮੈਂ ਵੀ ਇਸ ਮਾਨਸਿਕ ਤੌਰ 'ਤੇ ਬਿਮਾਰ ਸਥਿਤੀ ਅਤੇ ਸਮਾਜ ਵਿੱਚ ਰਹਿਣ ਲਈ ਮਜਬੂਰ ਹਾਂ, ਪਰ ਅਸੀਂ ਆਪਣੇ ਹਾਲਾਤਾਂ ਦੀ ਬਜਾਏ ਆਪਣੇ ਵਿਚਾਰਾਂ ਨੂੰ ਬਦਲ ਕੇ ਜ਼ਿੰਦਗੀ ਨੂੰ ਆਸਾਨ ਬਣਾ ਸਕਦੇ ਹਾਂ। ਇਸ ਲਈ, ਸਾਹਿਤ ਦਾ ਲੰਗਰ ਕਲਮ ਨਾਲ ਸਾਂਝਾ ਕੀਤਾ ਜਾਣਾ ਚਾਹੀਦਾ ਹੈ, ਅਤੇ ਸੁਆਦੀ ਵਿਚਾਰਾਂ ਨੂੰ ਕਾਗਜ਼ ਦੀ ਮੇਜ਼ 'ਤੇ ਸ਼ਬਦਾਂ ਦੇ ਭਾਂਡੇ ਵਿੱਚ ਪੇਸ਼ ਕੀਤਾ ਜਾਣਾ ਚਾਹੀਦਾ ਹੈ, ਜੋ ਜਿਵੇਂ ਹੀ ਮਨ ਦੇ ਪੇਟ ਤੱਕ ਪਹੁੰਚਦੇ ਹਨ, ਬਿਮਾਰ ਆਤਮਾ 'ਤੇ ਇਲਾਜ ਪ੍ਰਭਾਵ ਪਾਉਂਦੇ ਹਨ। ਉਹ ਲੇਖਕ ਜੋ ਪਾਠਕ ਨੂੰ ਸ਼ਬਦਾਂ ਦੇ ਸੁਆਦ ਅਤੇ ਦ੍ਰਿਸ਼ਾਂ ਦੇ ਅਨੰਦ ਵਿੱਚ ਬੇਹੋਸ਼ ਕਰਕੇ ਸਵਾਰਥ 'ਤੇ ਕੰਮ ਕਰਦੇ ਹਨ, ਉਹ ਸਿਰਫ਼ ਡਾਕਟਰ ਹਨ।

ਜੇ ਅਸੀਂ ਸਿਸਟਮ ਦੀ ਗੰਦਗੀ ਨੂੰ ਬਾਹਰ ਬੈਠੇ ਲੋਕਾਂ ਦਾ ਹਿੱਸਾ ਰਹਿ ਕੇ ਸਿਸਟਮ ਦੀ ਗੰਦਗੀ ਨੂੰ ਠੀਕ ਨਹੀਂ ਕਰ ਸਕਦੇ, ਤਾਂ ਘੱਟੋ ਘੱਟ ਸਾਨੂੰ ਆਪਣੇ ਹਿੱਸੇ ਦੀ ਖੁਸ਼ਬੂ ਫੈਲਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਰਾਜਨੀਤੀ, ਧਰਮ, ਕੌਮੀਅਤ ਦੇ ਆਧਾਰ 'ਤੇ ਭਟਕ ਚੁੱਕੇ ਲੋਕਾਂ ਦੁਆਰਾ ਫੈਲਾਈ ਗਈ ਨਫ਼ਰਤ ਦੀ ਅੱਗ 'ਤੇ ਸਾਹਿਤ ਦਾ ਠੰਡਾ ਪਾਣੀ ਪਾਉਣਾ ਅਤੇ ਨਫ਼ਰਤ ਤੋਂ ਬਿਮਾਰ ਲੋਕਾਂ ਨੂੰ ਪਿਆਰ ਦੀ ਦਵਾਈ ਦੇਣਾ ਜ਼ਰੂਰੀ ਹੈ, ਸਾਹਿਤ ਦਾ ਇੱਕ ਵਿਸ਼ਾਲ ਸੁਭਾਅ ਅਪਣਾਉਣਾ, ਕਿਉਂਕਿ ਸਾਹਿਤ ਰਾਜਨੀਤੀ, ਧਰਮ ਅਤੇ ਰਾਸ਼ਟਰਵਾਦ ਦੀ ਜੰਗ ਲੜਨ ਵਾਲਿਆਂ ਤੋਂ ਹਥਿਆਰ ਖੋਹ ਲੈਂਦਾ ਹੈ ਅਤੇ ਉਨ੍ਹਾਂ ਨੂੰ ਸ਼ਾਂਤੀ ਅਤੇ ਸੁਰੱਖਿਆ ਦੇ ਫੁੱਲ ਚੜ੍ਹਾਉਣਾ ਸਿਖਾਉਂਦਾ ਹੈ, ਹਰ ਕਿਸੇ ਨੂੰ ਸਿਰਫ਼ ਇਨਸਾਨ ਸਮਝ ਕੇ ਉਨ੍ਹਾਂ ਦੀਆਂ ਛਾਤੀਆਂ ਨੂੰ ਛੂਹਦਾ ਹੈ।

ਧੰਨ ਹਨ ਉਹ ਜੋ ਕਲਮ ਅਤੇ ਕਿਤਾਬ ਦੇ ਕੱਦ ਨੂੰ ਉੱਚਾ ਚੁੱਕਣ ਦੇ ਨਾਲ-ਨਾਲ ਸਾਹਿਤਕ ਇਕੱਠਾਂ ਦੇ ਬੁਝੇ ਹੋਏ ਚੁੱਲ੍ਹੇ ਵੀ ਜਗਾਉਂਦੇ ਹਨ। ਸਾਹਿਤ ਦੇ ਸਕੂਲ ਵਿਦਵਾਨ ਨਹੀਂ ਬਣਾਉਂਦੇ, ਕਿਉਂਕਿ ਹਰ ਵਿਦਵਾਨ ਵਿਦਵਾਨ ਨਹੀਂ ਹੁੰਦਾ, ਪਰ ਹਰ ਵਿਦਵਾਨ ਵਿਦਵਾਨ ਹੁੰਦਾ ਹੈ। ਸੰਪਰਦਾਈ ਆਪਣੀ ਵਿਚਾਰਧਾਰਾ ਦੇ ਲੈਂਸ ਰਾਹੀਂ ਦੇਖਦੇ ਹਨ, ਅਤੇ ਸਾਹਿਤ ਖੁੱਲ੍ਹੀਆਂ ਅੱਖਾਂ ਨਾਲ ਹਰ ਕਿਸੇ ਨੂੰ ਪਰਮਾਤਮਾ ਦੀ ਰਚਨਾ ਵਜੋਂ ਸਵੀਕਾਰ ਕਰਦਾ ਹੈ। ਜਦੋਂ ਪਰਮਾਤਮਾ ਨੇ ਮਨੁੱਖੀ ਅੰਗਾਂ ਦਾਨ ਕਰਦੇ ਸਮੇਂ ਕਿਸੇ ਨਾਲ ਬੇਇਨਸਾਫ਼ੀ ਨਹੀਂ ਕੀਤੀ, ਤਾਂ ਅਸੀਂ ਉਨ੍ਹਾਂ ਨੂੰ ਉੱਚਾ ਜਾਂ ਨੀਵਾਂ ਕਿਉਂ ਸਮਝੀਏ? ਸਾਡਾ ਫਰਜ਼ ਮਨੁੱਖਤਾ ਦਾ ਸਤਿਕਾਰ ਕਰਨਾ ਬਣਿਆ ਰਹੇਗਾ। ਹਾਲਾਂਕਿ, ਇਸ ਭਾਵਨਾ ਨੇ ਮੇਰੀ ਛਾਤੀ ਨੂੰ ਯੁੱਗਾਂ ਦੌਰਾਨ ਮਨੁੱਖਾਂ ਦੇ ਦਰਦ ਨਾਲ ਭਰ ਦਿੱਤਾ ਹੈ, ਅਤੇ ਸਥਿਤੀਆਂ ਅਤੇ ਮਾਮਲਿਆਂ ਦੀ ਦਰਦਨਾਕ ਸਥਿਤੀ ਨੇ ਮਨੁੱਖਤਾ ਨੂੰ ਬਹੁਤ ਚੁੱਪ ਅਤੇ ਗੰਭੀਰ ਬਣਾ ਦਿੱਤਾ ਹੈ। ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਕੁਦਰਤੀ ਗੰਭੀਰਤਾ ਵਿੱਚ ਰਹਿਣਾ ਇੱਕ ਭਵਿੱਖਬਾਣੀ ਗੁਣ ਹੈ। ਇਹ ਪਰਮਾਤਮਾ ਦੁਆਰਾ ਸਿਖਾਇਆ ਗਿਆ ਗੁਣ ਹੈ। ਇਸਨੂੰ ਚਿੰਤਾ ਜਾਂ ਉਦਾਸੀ ਨਾਲ ਨਹੀਂ ਜੋੜਿਆ ਜਾ ਸਕਦਾ। ਮਹਾਨਤਾ ਗਰੀਬੀ ਦੇ ਪੰਘੂੜੇ ਵਿੱਚ ਪੈਦਾ ਹੁੰਦੀ ਹੈ, ਅੱਲ੍ਹਾ ਨੇ ਕਿਹਾ, ਜੇ ਮੈਂ ਕੁਝ ਲੋਕਾਂ ਨੂੰ ਅਮੀਰ ਬਣਾਉਂਦਾ ਹਾਂ, ਤਾਂ ਉਹ ਕਾਫ਼ਰ ਬਣ ਜਾਣਗੇ ਅਤੇ ਜੇ ਮੈਂ ਕੁਝ ਲੋਕਾਂ ਨੂੰ ਗਰੀਬ ਬਣਾਉਂਦਾ ਹਾਂ, ਤਾਂ ਉਹ ਕਾਫ਼ਰ ਬਣ ਜਾਣਗੇ। ਗਰੀਬਾਂ ਦੀ ਕੁਲੀਨਤਾ ਨੂੰ ਕਾਇਰਤਾ ਵਜੋਂ ਦੇਖਿਆ ਜਾਂਦਾ ਹੈ, ਇਸ ਲਈ ਕਾਇਰ ਅਮੀਰ ਦੀ ਸ਼ਕਤੀ ਵੀ ਉਸਦਾ ਪੈਸਾ ਹੈ। ਦੌਲਤ ਦੀ ਚੱਕੀ ਦੁਆਲੇ ਘੁੰਮਦਾ ਗਧਾ ਬਣਨ ਦੀ ਬਜਾਏ ਮਨੁੱਖੀ ਕਦਰਾਂ-ਕੀਮਤਾਂ ਦੇ ਰਾਹਾਂ 'ਤੇ ਸਿੱਧਾ ਚੱਲਣਾ ਤੁਹਾਨੂੰ ਪਰਮਾਤਮਾ ਨਾਲ ਜੋੜਦਾ ਹੈ।

ਜਦੋਂ ਕੋਈ ਤੁਹਾਨੂੰ ਕੁਦਰਤ ਦੀ ਥਾਲੀ 'ਤੇ ਰਹਿਮ ਦੇ ਫੁੱਲ ਚੜ੍ਹਾਉਂਦਾ ਹੈ, ਤਾਂ ਤੁਸੀਂ ਉਸਦੇ ਹੱਥ ਚੁੰਮਣ ਦੀ ਇੱਛਾ ਮਹਿਸੂਸ ਕਰਦੇ ਹੋ। ਕਮਜ਼ੋਰ ਲੋਕਾਂ ਦੀ ਮਦਦ ਕਰਨ ਦੇ ਸੰਦਰਭ ਵਿੱਚ, ਪਰਮਾਤਮਾ ਨੇ ਕਿਹਾ, ਤੁਹਾਡੇ ਵਿੱਚੋਂ ਕੌਣ ਹੈ ਜੋ ਪਰਮਾਤਮਾ ਨੂੰ ਚੰਗਾ ਕਰਜ਼ਾ ਦੇਵੇਗਾ? ਤੁਹਾਨੂੰ ਕਿਸੇ ਮਜਬੂਰ ਲੋੜਵੰਦ ਵਿਅਕਤੀ ਨੂੰ ਉਸਦੇ ਸਵੈ-ਮਾਣ ਨੂੰ ਕਮਜ਼ੋਰ ਕੀਤੇ ਬਿਨਾਂ ਬਹੁਤ ਗੁਪਤਤਾ ਨਾਲ ਕੁਝ ਸਹੂਲਤਾਂ ਸੌਂਪਣੀਆਂ ਚਾਹੀਦੀਆਂ ਹਨ ਅਤੇ ਇਹਨਾਂ ਸ਼ਬਦਾਂ ਨਾਲ ਉਸਦੇ ਹੱਥਾਂ ਨੂੰ ਚੁੰਮਣਾ ਚਾਹੀਦਾ ਹੈ, ਮੈਨੂੰ ਇਨਾਮ ਕਮਾਉਣ ਦਾ ਮੌਕਾ ਦੇਣ ਲਈ ਆਪਣੇ ਦਿਲ ਦੇ ਤਲ ਤੋਂ ਧੰਨਵਾਦ... ਅਤੇ ਫਿਰ ਚੁੱਪ ਰਹੋ। ਉਸਦੇ ਕੰਬਦੇ ਬੁੱਲ੍ਹਾਂ ਅਤੇ ਹੰਝੂਆਂ ਨਾਲ ਚਮਕਦੀਆਂ ਅੱਖਾਂ ਵਿੱਚੋਂ ਨਿਕਲੀਆਂ ਪ੍ਰਾਰਥਨਾਵਾਂ ਨੂੰ ਸਿਰਫ਼ ਸ਼ਬਦਾਂ ਦਾ ਸੰਗ੍ਰਹਿ ਨਾ ਸਮਝੋ। ਇਹ ਕੁਦਰਤ ਵੱਲੋਂ ਦਿੱਤੇ ਗਏ ਤੋਹਫ਼ੇ ਦਾ ਐਲਾਨ ਹਨ, ਜੋ ਰੱਬ ਦੇ ਦੂਤ ਮਨੁੱਖ ਦੀ ਜ਼ੁਬਾਨ 'ਤੇ ਕਰਦੇ ਹਨ।
ਰੱਬ ਨੇ ਆਪਣੇ ਹੱਕਾਂ ਨੂੰ ਮਾਫ਼ ਕਰਨ ਦਾ ਐਲਾਨ ਕੀਤਾ ਹੈ, ਪਰ ਆਪਣੇ ਸੇਵਕਾਂ ਦੇ ਹੱਕਾਂ ਨੂੰ ਨਹੀਂ। ਨਿਆਂ ਦੇ ਦਿਨ, ਜੇਕਰ ਕੋਈ ਇਨਸਾਨ ਰੱਬ ਦੇ ਦਰਬਾਰ ਵਿੱਚ ਤੁਹਾਡੇ ਵਿਰੁੱਧ ਨਹੀਂ ਖੜ੍ਹਾ ਹੁੰਦਾ, ਤਾਂ ਰੱਬ ਤੁਹਾਨੂੰ ਮਾਫ਼ ਕਰ ਦੇਵੇਗਾ। ਜੇਕਰ ਤੁਸੀਂ ਰੱਬ ਤੱਕ ਪਹੁੰਚਣਾ ਚਾਹੁੰਦੇ ਹੋ, ਤਾਂ ਸਵਰਗ ਤੱਕ ਪੌੜੀ ਨਾ ਬਣਾਓ, ਸਗੋਂ ਕਿਸੇ ਲੋੜਵੰਦ ਵਿਅਕਤੀ ਦੇ ਦਿਲ ਦਾ ਦਰਵਾਜ਼ਾ ਖੋਲ੍ਹੋ ਅਤੇ ਉਸਨੂੰ ਮਿਲੋ।